Seminar on the occasion of Hindi Divas 14-09-2019

## Seminar on 'Hindi Divas'
## Hindi Department
## September 14, 2019

A lecture on the occasion of 'Hindi Divas' was organized by the Hindi Department on 14 September, 2019. 'Hindi language connects India in one thread.' Dr. Harvinder Kaur head of Hindi Department presented this idea before students and made aware regarding Hindi language. 60 students attended this programme.

Principal
Nehru Memorial Govt. College
Mansa



ਜੇਤੂ ਵਿਦਿਆਰਥੀਆਂ ਨਾਲ ਕਾਲਜ ਪ੍ਰੋਫੈਸਰ।

# ‘ਹਿੰਦੀ ਭਾਸ਼ਾ ਰਾਸ਼ਟਰ ਨੂੰ ਇਕ ਸੂਰਤ ’ਚ ਜੋੜਦੀ’

**ਪੱਤਰ ਪ੍ਰੇਰਕ, ਮਾਨਸਾ** : ਹਿੰਦੀ ਭਾਸ਼ਾ ਰਾਸ਼ਟਰ ਨੂੰ ਇਕ ਸੂਤਰ ਵਿਚ ਜੋੜਦੀ ਹੈ। ਇਹ ਵਿਚਾਰ ਹਿੰਦੀ ਵਿਭਾਗ ਦੇ ਮੁਖੀ ਡਾ. ਹਰਵਿੰਦਰ ਕੌਰ ਨੇ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ‘ਹਿੰਦੀ ਦਿਵਸ’ ਮਨਾਉਣ ਮੌਕੇ ਵਿਦਿਆਰਥੀਆਂ ਦੇ ਸਨਮੁੱਖ ਹੁੰਦਿਆਂ ਰੱਖੇ। ਡਾ. ਹਰਵਿੰਦਰ ਕੌਰ ਨੇ ਕਿਹਾ ਕਿ ਭਾਸ਼ਾ ਦੀ ਅਮੀਰੀ ਉਦੋਂ ਹੀ ਹੋ ਸਕਦੀ ਹੈ, ਜਦੋਂ ਹਰ ਇਨਸਾਨ ਹਰ ਭਾਸ਼ਾ ਸਿੱਖਣ ਨੂੰ ਤਰਜੀਹ ਦਿੰਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੀ ਮਾਤਰ ਪੰਜਾਬੀ ਭਾਸ਼ਾ ਦੇ ਨਾਲ-ਨਾਲ ਹੋਰ ਭਾਸ਼ਾਵਾਂ ਵਿਚ ਵੀ ਪਰਪੱਕ ਬਣਨ ਤਾਂ ਜੋ ਦੇਸ਼ ਦਾ ਸਰਬਪੱਖੀ ਵਿਕਾਸ ਹੋ ਸਕੇ। ਪ੍ਰੋ. ਪ੍ਰਤਿਭਾ ਜਿੰਦਲ ਅਤੇ ਪ੍ਰੋ. ਸਿੰਪਲ ਬਾਂਸਲ ਨੇ ਹਿੰਦੀ ਭਾਸ਼ਾ ਦੇ ਵਿਕਾਸ ਅਤੇ ਪ੍ਰਸਾਰ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਦਿਨ ਪ੍ਰਤੀ ਦਿਨ ਹਿੰਦੀ ਭਾਸ਼ਾ ਦਾ ਸ਼ਬਦਕੋਸ਼ ਬਾਕੀ ਭਾਸ਼ਾਵਾਂ ਨਾਲੋਂ ਕਿਤੇ ਜ਼ਿਆਦਾ ਵੱਧ ਰਿਹਾ ਹੈ, ਜੋ ਇਸ ਭਾਸ਼ਾ ਦੀ ਪ੍ਰਫੁੱਲਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਹਿੰਦੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਜਸਪ੍ਰੀਤ ਸਿੰਘ, ਗਗਨਦੀਪ ਕੌਰ, ਨਾਨਕ ਸਿੰਘ, ਸੋਮਾ ਰਾਣੀ, ਅਮਨਦੀਪ ਕੌਰ ਅਤੇ ਕੁਲਵਿੰਦਰ ਕੌਰ ਨੂੰ ਇਨਾਮ ਦੇਕੇ ਸਨਮਾਨਿਤ ਕੀਤਾ ਗਿਆ।